# ਦਫਤਰ ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ -ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ

# ਸਮੱਗਰ ਸਿੱਖਿਆ ਅਭਿਆਨ (ਪੰਜਾਬ)

**ਪੰਜਵੀਂ ਮੰਜ਼ਿਲ ,ਈ.ਬਲਾਕ ,ਸਿੱਖਿਆ ਭਵਨ ,ਫੇਜ਼ ,8-ਸਅਸ ਨਗਰ ,ਪੰਜਾਬ160062-**

---

**(ਵੈਬ-ਸਾਇਟ ਰਾਹੀਂ)**

**ਵੱਲ**

**ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ)**

**ਪੰਜਾਬ ।**

ਮੀਮੋ ਨੰ: 2026 / ਐਨ.ਐਸ.ਕਿਉ.ਐਫ (986745)221827 ਮਿਤੀ 14/08/2026

**ਵਿਸ਼ਾ:- ਸਾਲ 2026-27 ਦੌਰਾਨ ਸਰਕਾਰੀ PM Shri ਸਕੂਲਾਂ ਵਿੱਚ NSQF ਅਧੀਨ ਭੇਜੀਆਂ ਗਈਆਂ ਵੱਖ-ਵੱਖ ਗ੍ਰਾਂਟਾਂ ਖਰਚਣ ਸਬੰਧੀ ਹਦਾਇਤਾਂ ।**

*ਹਵਾਲਾ:- ਸਮੱਗਰਾ ਵਿੱਤ ਸ਼ਾਖਾ ਦਾ ਪੱਤਰ ਹੁਕਮ ਨੰ: **E986745/DGSE-SSA0NSQF/26/2025-SSA-DGSE I/1469357/2026,** ਮਿਤੀ ਐਸ.ਏ.ਐਸ ਨਗਰ: 07/08/2026*

ਉਕਤ ਹਵਾਲਾ ਪੱਤਰ ਅਨੁਸਾਰ ਸਾਲ 2026-27 ਦੌਰਾਨ 355 ਸਰਕਾਰੀ PM Shri ਸਕੂਲਾਂ ਵਿੱਚ ਚਲਦੀਆਂ 721 NSQF ਲੈਬਜ਼ ਵਿੱਚ ਹੇਠ ਦਰਸ਼ਾਏ **ਟੇਬਲ 1** ਅਨੁਸਾਰ NSQF ਅਧੀਨ ਵੱਖ-ਵੱਖ ਗਤੀਵਿਧੀਆਂ ਲਈ ਗ੍ਰਾਂਟਾਂ ਭੇਜੀਆਂ ਗਈਆਂ ਹਨ :-

**Table 1**

| | | | Amount in Lakhs | | | | |
|---|---|---|---|---|---|---|---|
| S No | District | No of Labs | Industry Visit @ Rs 15000/- per visit, per Trade (for 2 Visits) = Rs. 30000/- In Lakhs | Guest Lecture @ Rs 500/- per Class ( Aug'26-Jan'27) | Office Expenses @ Rs 5000/- per lab (In Lakhs) | Raw Material Total (In Lakhs) | Exposure 6th to 8th @ Rs. 15000/- per school (In Lakhs) |
| 1 | AMRITSAR | 49 | 14.7 | 5.64 | 2.45 | 10.8 | 3.6 |
| 2 | BARNALA | 23 | 6.9 | 2.58 | 1.15 | 4.5 | 1.65 |
| 3 | BATHINDA | 48 | 14.4 | 5.22 | 2.4 | 10.7 | 3.9 |
| 4 | FARIDKOT | 20 | 6 | 2.04 | 1 | 5.3 | 1.35 |
| 5 | FATEHGARH SAHIB | 10 | 3 | 1.08 | 0.5 | 1.9 | 0.9 |
| 6 | FAZILKA | 29 | 8.7 | 3.36 | 1.45 | 6.9 | 1.95 |
| 7 | FEROZEPUR | 34 | 10.2 | 3.78 | 1.7 | 6.9 | 2.55 |
| 8 | Gurdaspur | 53 | 15.9 | 6.3 | 2.65 | 10.3 | 3.9 |
| 9 | HOSHIARPUR | 36 | 10.8 | 4.08 | 1.8 | 7.1 | 3 |
| 10 | JALANDHAR | 40 | 12 | 4.38 | 2 | 9.3 | 3 |
| 11 | KAPURTHALA | 13 | 3.9 | 1.44 | 0.65 | 3.4 | 1.05 |
| 12 | LUDHIANA | 51 | 15.3 | 5.82 | 2.55 | 10.6 | 3.6 |
| 13 | Malerkotla | 11 | 3.3 | 1.2 | 0.55 | 2.3 | 1.05 |
| 14 | MANSA | 30 | 9 | 3.48 | 1.5 | 5.9 | 2.25 |
| 15 | Moga | 26 | 7.8 | 3 | 1.3 | 5.6 | 1.95 |
| 16 | MUKTSAR | 25 | 7.5 | 2.82 | 1.25 | 6.3 | 1.5 |
| 17 | PATHANKOT | 26 | 7.8 | 3.12 | 1.3 | 4.5 | 1.95 |
| 18 | PATIALA | 68 | 20.4 | 7.86 | 3.4 | 13.8 | 4.35 |
| 19 | ROOPNAGAR | 16 | 4.8 | 1.86 | 0.8 | 2.6 | 1.05 |
| 20 | S.B.S. NAGAR | 11 | 3.3 | 1.26 | 0.55 | 2.3 | 0.9 |
| 21 | SANGRUR | 38 | 11.4 | 4.38 | 1.9 | 6.4 | 2.7 |
| 22 | SAS NAGAR | 32 | 9.6 | 3.3 | 1.6 | 5.9 | 2.55 |
| 23 | TARN TARAN | 32 | 9.6 | 3.48 | 1.6 | 7.2 | 2.55 |
| | TOTAL | 721 | 216.3 | 81.48 | 36.05 | 150.5 | 53.25 |

ਉਕਤ ਟੇਬਲ ਵਿੱਚ ਦਰਸ਼ਾਈਆਂ Industry visit, Guest Lecture, Raw Material, Office Expenses, ਅਤੇ Exposure to vocational 6-8 ਦੀਆਂ ਗ੍ਰਾਂਟਾਂ ਖਰਚਣ ਸਬੰਧੀ ਹਦਾਇਤਾਂ ਹੇਠ ਲਿਖੇ ਅਨੁਸਾਰ ਹਨ:-

**1.0 Industry Visits ਕਰਵਾਉਣ ਲਈ ਖਰਚੇ ਸਬੰਧੀ ਹਦਾਇਤਾਂ:-**

- Industry Visits ਸਬੰਧੀ ਗ੍ਰਾਂਟ ਰੁ: 15000/- ਪ੍ਰਤੀ ਲੈਬ ਦੇ ਹਿਸਾਬ ਨਾਲ 9ਵੀਂ ਤੋਂ 12ਵੀਂ ਜਮਾਤ ਵਿੱਚ ਪੜ੍ਹਦੇ ਸਾਰੇ NSQF ਵਿਦਿਆਰਥੀਆਂ ਦੀਆਂ Industry Visits ਕਰਵਾਉਣ ਲਈ ਜਾਰੀ ਕੀਤੀ ਗਈ ਹੈ। ਉਕਤ ਟੇਬਲ ਅਨੁਸਾਰ ਵਿਦਿਆਰਥੀਆਂ ਦੀਆਂ 2 Industry visits ਲਈ ਸਮੂਹ ਸਕੂਲਾਂ ਦੇ NSQF

ਲੈਬਜ਼ ਲਈ ਰੁ: 15000/- ਪ੍ਰਤੀ ਵਿਜ਼ਿਟ x 2 = ਵਿਜ਼ਿਟ ਕੁੱਲ ਰੁ: 30,000/- ਦੀ ਰਾਸ਼ੀ ਭੇਜੀ ਗਈ ਹੈ। **School wise bifurcation** ਨਾਲ ਦਿੱਤੀ ਸ਼ੀਟ ਵਿੱਚ ਨੱਥੀ ਹੈ।)

- Industry Visits ਕਰਵਾਉਣ ਲਈ ਵੋਕੇਸ਼ਨਲ ਟ੍ਰੇਨਰ ਵਲੋਂ VTP ਨਾਲ ਰਾਬਤਾ ਕਾਇਮ ਕੀਤਾ ਜਾਵੇ ਅਤੇ ਪ੍ਰਿੰਸੀਪਲ ਤੋਂ ਅਗਵਾਈ ਲੈਣ ਉਪਰੰਤ ਵਿਜ਼ਿਟ ਪਲਾਨ ਕੀਤੀ ਜਾਵੇ।
- ਸਕੂਲ ਟਾਈਮ ਦਾ ਧਿਆਨ ਰੱਖਦੇ ਹੋਏ Business/Industry ਦੇ peak hours ਨੂੰ ਵੀ ਧਿਆਨ ਵਿੱਚ ਰੱਖਦੇ ਹੋਏ ਵਿਜ਼ਟ ਕਰਵਾਈ ਜਾਵੇ।
- ਵਿਦਿਆਰਥੀਆਂ ਨੂੰ ਉਹਨਾਂ ਦੇ ਟਰੇਡ ਅਤੇ ਕੋਰਸ ਸਬੰਧੀ ਹੀ ਵਿਜ਼ਟ ਕਰਵਾਈ ਜਾਵੇ ਅਤੇ ਵਿਜ਼ਟ ਤੋ ਬਾਅਦ ਵਿਦਿਆਰਥੀਆਂ ਦਾ ਟੈਸਟ ਜਾਂ ਫੀਡਬੈਕ ਲਿਆ ਜਾਵੇ ਕਿ ਉਹਨਾਂ ਨੂੰ ਉਸ ਵਿਜ਼ਿਟ ਤੋਂ ਕੀ ਸਿੱਖਣ ਨੂੰ ਮਿਲਿਆ। ਅਤੇ ਉਹਨਾਂ ਦੇ ਵਿਚਾਰਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਹੀ ਅਗਲੀ visit ਪਲਾਨ ਕੀਤੀ ਜਾਵੇ।
- ਵਿਜ਼ਿਟ ਦੌਰਾਨ ਸਬੰਧਤ ਵੋਕੇਸ਼ਨਲ ਟ੍ਰੇਨਰ ਵਿਦਿਆਰਥੀਆਂ ਦੇ ਨਾਲ ਜਾਣਗੇ; ਜੇਕਰ ਵੋਕੇਸ਼ਨਲ ਟ੍ਰੇਨਰ ਅਤੇ ਕੁਆਰਡੀਨੇਟਰ ਦੋਵੇਂ ਹੀ ਨਰ (Male) ਹੋਣ ਅਤੇ ਵਿਦਿਆਰਥਣਾਂ ਵੀ ਹੋਣ ਤਾਂ ਵੋਕੇਸ਼ਨਲ ਟ੍ਰੇਨਰ ਦੇ ਨਾਲ ਸਕੂਲ ਦੀ ਕਿਸੇ ਮਹਿਲਾ ਅਧਾਪਕ ਨੂੰ ਵੀ ਨਾਲ ਭੇਜਿਆ ਜਾਵੇ।
- ਵਿਜ਼ਿਟ ਸਬੰਧੀ ਵਿਦਿਆਰਥੀਆਂ ਨੂੰ ਇਕ ਹਫਤਾ ਪਹਿਲਾਂ ਹੀ ਦੱਸ ਦਿੱਤਾ ਜਾਵੇ ਅਤੇ ਇਸ ਬਾਰੇ ਉਹਨਾਂ ਦੇ ਮਾਤਾ-ਪਿਤਾ ਤੋਂ ਲਿਖਤੀ ਰੂਪ ਵਿੱਚ ਸਹਿਮਤੀ ਵੀ ਲੈ ਲਈ ਜਾਵੇ।
- ਵਿਦਿਆਰਥੀਆਂ ਦੀ security ਅਤੇ discipline ਸਬੰਧੀ ਵੋਕੇਸ਼ਨਲ ਟ੍ਰੇਨਰ ਅਤੇ ਪ੍ਰਿੰਸੀਪਲ ਦੋਵੇਂ ਜ਼ਿੰਮੇਵਾਰ ਹੋਣਗੇ।
- ਵਿਜ਼ਿਟ ਸਮੇਂ ਵਿਦਿਆਰਥੀ proper school uniform ਵਿੱਚ ਹੋਣ ਅਤੇ ਸਾਰਿਆਂ ਨੇ ਆਪਣੇ ਆਈ.ਡੀ. ਕਾਰਡ ਗਲੇ ਵਿੱਚ ਪਾਏ ਹੋਣ ਅਤੇ ਆਪਣੇ ਕੋਰਸ ਨਾਲ ਸਬੰਧਤ ਕਿਤਾਬ ਅਤੇ ਪੈਨ-ਕਾਪੀ ਨਾਲ ਲੈ ਕੇ ਜਾਣ ਤਾਂ ਜੋ ਜ਼ਰੂਰੀ ਗੱਲਾਂ ਨੋਟ ਕਰ ਸਕਣ।
- Industry Visits ਕਰਵਾਉਣ ਉਪਰੰਤ ਖਰਚੇ ਦਾ ਵਾਊਚਰ ਸਕੂਲਾਂ ਵਿੱਚ ਮੈਨਟੇਨ ਕਰਵਾਉਣ ਦੀ ਡਿਊਟੀ ਸਕੂਲ ਮੁੱਖੀ ਦੀ ਹੋਵਗੀ ਅਤੇ ਸਕੂਲ ਪ੍ਰਿੰਸਿਪਲ ਇੰਨ-ਚਾਰਜ ਵੱਲੋਂ ਖਰਚ ਕੀਤੀ ਗਈ ਰਕਮ ਦੀ ਵਰਤੋਂ ਸਬੰਧੀ ਪ੍ਰਬੰਧ ਪੋਰਟਲ ਤੇ ਖਰਚਾ ਅਪਡੇਟ ਕਰਵਾਇਆ ਜਾਵੇਗਾ ਅਤੇ ਵਰਤੋਂ ਸਬੰਧੀ ਸਰਟੀਫਿਕੇਟ ਸਬੰਧਤ ਜ਼ਿਲਾ ਸਿੱਖਿਆ ਦਫਤਰ ਰਾਹੀਂ ਸਮੱਗਰਾ ਦੇ ਮੁੱਖ ਦਫਤਰ ਨੂੰ ਵੀ ਸਬੰਧਤ ਈ-ਮੇਲ ਤੇ ਭੇਜਣਾ ਯਕੀਨੀ ਬਣਾਇਆ ਜਾਵੇਗਾ।

**2.0 ਸਕੂਲਾਂ ਵਿੱਚ ਗੈਸਟ ਲੈਕਚਰ ਕਰਵਾਉਣ ਸਬੰਧੀ ਹਦਾਇਤਾਂ**

- 355 PM Shri ਸਕੂਲਾਂ ਵਿੱਚ 721 NSQF ਲੈਬਜ਼ ਵਿੱਚ ਵੋਕੇਸ਼ਨਲ ਸਿੱਖਿਆ ਦਿੱਤੀ ਜਾ ਰਹੀ ਹੈ। ਹਰ ਸਾਲ ਸਕੂਲ ਵਿੱਚ ਇੱਕ ਤੋਂ ਤਿੰਨ ਵੱਖ ਵੱਖ ਟਰੇਡਾਂ ਚੱਲ ਰਹੀਆਂ ਹਨ।
- NSQF ਅਧੀਨ ਪੜ੍ਹਦੇ 9ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਬਾਹਰੋਂ ਗੈਸਟ ਫੈਕਲਟੀ/ਟ੍ਰੇਨਰ ਬੁਲਾ ਕੇ ਉਹਨਾਂ ਤੋਂ ਹਰ ਮਹੀਨੇ ਹਰ ਜਮਾਤ ਅਤੇ ਹਰ ਟ੍ਰੇਡ ਦੇ ਵਿਦਿਆਰਥੀਆਂ ਨੂੰ ਨਵੇਕਲੇ ਤਰੀਕੇ ਨਾਲ ਸਬੰਧਤ ਖੇਤਰ ਵਿੱਚ ਹੋ ਰਹੀਆਂ Innovations ਤੋਂ ਜਾਣੂ ਕਰਵਾਉਣ ਸਬੰਧੀ guest lecture ਦਵਾਉਣ ਦਾ ਉਪਬੰਧ ਹੈ। **ਭੇਜੀ ਗਈ ਗ੍ਰਾਂਟ ਦੀ School wise bifurcation ਨਾਲ ਨੱਥੀ ਹੈ।**

ਗੈਸਟ ਫੈਕਲਟੀ ਦੇ ਮਾਣਭੱਤੇ ਸਬੰਧੀ ਹਦਾਇਤਾਂ ਹੇਠ ਲਿਖੇ ਅਨੁਸਾਰ ਹਨ:-

- ਜੇਕਰ ਗੈਸਟ ਲੈਕਚਰਾਰ ਦੀ ਵਿੱਦਿਅਕ ਯੋਗਤਾ ਗ੍ਰੇਜੂਏਸ਼ਨ ਹੈ ਤਾਂ 300/- ਰੁ: ਪ੍ਰਤੀ ਗੈਸਟ ਲੈਕਚਰ ਪ੍ਰਤੀ ਜਮਾਤ X ਜਮਾਤਾਂ ਦੀ ਗਿਣਤੀ; ਜੇਕਰ ਗੈਸਟ ਲੈਕਚਰ ਦੀ ਵਿੱਦਿਅਕ ਯੋਗਤਾ ਪੋਸਟ-ਗ੍ਰੇਜੂਏਸ਼ਨ ਹੈ ਤਾਂ 500/- ਰੁ: ਪ੍ਰਤੀ ਗੈਸਟ ਲੈਕਚਰ ਪ੍ਰਤੀ ਜਮਾਤ X ਜਮਾਤਾਂ ਦੀ ਗਿਣਤੀ; ਜੇਕਰ ਕੋਈ Experienced Resource person ਹੈ ਜੋ ਕਿ ਪੜ੍ਹਿਆ ਲਿਖਿਆ ਨਹੀਂ ਵੀ ਹੈ ਪਰੰਤੂ ਸਬੰਧਤ ਟਰੇਡ ਵਿੱਚ 3 ਸਾਲ ਤੱਕ ਦਾ ਤਜਰਬਾ ਰੱਖਦਾ ਹੈ, ਤਾਂ ਉਸਨੂੰ 500/- ਰੁ: ਪ੍ਰਤੀ ਗੈਸਟ ਲੈਕਚਰ ਪ੍ਰਤੀ ਜਮਾਤ। MoE ਦੀਆਂ ਹਦਾਇਤਾਂ ਅਨੁਸਾਰ Skilled Persons ਤੋਂ ਵੀ ਗੈਸਟ ਲੈਕਚਰ ਦਵਾਏ ਜਾ ਸਕਦੇ ਹਨ।
- ਗੈਸਟ ਲੈਕਚਰਾਰ ਦੇ honorarium ਦੀ ਅਦਾਇਗੀ ਸਮੱਗਰ ਸਿੱਖਿਆ ਦੇ ਨਿਯਮਾਂ ਅਨੁਸਾਰ ਕੀਤੀ ਜਾਵੇ।
- ਸਕੂਲਾਂ ਵਿੱਚ ਵਾਊਚਰ ਮੈਨਟੇਨ ਕਰਵਾਉਣ ਦੀ ਜ਼ਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ ।

3.0 **Raw Material ਦੀ ਗ੍ਰਾਂਟ ਖਰਚ ਕਰਨ ਸਬੰਧੀ ਹਦਾਇਤਾਂ:**

ਵਿਦਿਆਰਥੀਆਂ ਨੂੰ ਸਬੰਧਤ ਟ੍ਰੇਡ ਦਾ ਕੰਮ practical ਤੌਰ ਤੇ ਸਿਖਾਉਣ ਲਈ raw material (ਖਪਤਯੋਗ ਵਸਤੂਆਂ) ਖਰੀਦਣ ਲਈ ਹਰ ਇੱਕ NSQF ਲੈਬ ਲਈ ਗ੍ਰਾਂਟ ਭੇਜੀ ਜਾਂਦੀ ਹੈ। ਇਹ ਗ੍ਰਾਂਟ ਸਾਰੀਆਂ ਟ੍ਰੇਡਾਂ ਲਈ ਹੇਠ ਦਰਸ਼ਾਏ **ਟੇਬਲ-2** ਅਨੁਸਾਰ ਪ੍ਰਤੀ ਲੈਬ ਦੇ ਹਿਸਾਬ ਨਾਲ trade-wise ਭੇਜੀ ਗਈ ਹੈ। ਇਸ ਗ੍ਰਾਂਟ ਨੂੰ ਸਮੂਹ 9ਵੀਂ ਤੋਂ 12ਵੀਂ ਜਮਾਤ ਦੇ NSQF ਵਿਦਿਆਰਥੀਆਂ ਨੂੰ practical ਤੌਰ ਤੇ ਕੰਮ ਸਿਖਾਉਣ ਲਈ ਲੋੜੀਂਦਾ raw material ਖਰੀਦਣ ਲਈ ਵਰਤਿਆ ਜਾਵੇ। **School wise bifurcation ਨਾਲ ਨੱਥੀ ਹੈ।**

**Table-2**

| S. No. | Trade | Raw Material Grant (In Rs.) |
|---|---|---|
| 1 | Agriculture | 20,000/- |
| 2 | Apparels, Made ups and Home Furnishing | 40,000/- |
| 3 | Automotive | 20,000/- |
| 4 | Beauty & Wellness | 40,000/- |
| 5 | BFSI (Banking, Financial Services, and Insurance) | 10,000/- |
| 6 | Construction | 20,000/- |
| 7 | Electronics | 10,000/- |
| 8 | Food Processing | 40,000/- |
| 9 | Healthcare | 20,000/- |
| 10 | IT/Ites | 10,000/- |
| 11 | Logistics | 20,000/- |
| 12 | Management & Entrepreneurship and Professional skills | 10,000/- |
| 13 | Media and Entertainment | 10,000/- |
| 14 | Physical Education | 10,000/- |
| 15 | Plumbing | 10,000/- |
| 16 | Power | 10,000/- |
| 17 | Private Security | 10,000/- |
| 18 | Retail | 10,000/- |
| 19 | Telecom | 10,000/- |
| 20 | Tourism & Hospitality | 10,000/- |

4.0 **Office expense ਦੀ ਗ੍ਰਾਂਟ ਖਰਚ ਕਰਨ ਸਬੰਧੀ ਹਦਾਇਤਾਂ:**

355 PM Shri ਸਕੂਲਾਂ ਅਧੀਨ 721 NSQF ਲੈਬਜ਼ ਵਿੱਚ ਵੋਕੇਸ਼ਨਲ ਸਿੱਖਿਆ ਦਿੱਤੀ ਜਾ ਰਹੀ ਹੈ। ਇਹਨਾਂ ਲੈਬਾਂ ਵਿੱਚ ਵੱਖ ਵੱਖ ਟ੍ਰੇਡਾਂ ਵਿੱਚ enrolled 9ਵੀਂ ਤੋਂ 12ਵੀਂ ਜ਼ਮਾਤ ਦੇ ਸਾਰੇ ਵਿਦਿਆਰਥੀਆਂ ਨੂੰ NSQF ਦੀਆਂ ਟ੍ਰੇਡਾਂ ਸਬੰਧੀ ਸਲੇਬਸ ਅਨੁਸਾਰ Notes ਅਤੇ course materials ਮੁਹੱਈਆ ਕਰਵਾਉਣ ਲਈ ਪ੍ਰਿੰਟ ਲੈਣ, ਸਟੇਸ਼ਨਰੀ ਖਰੀਦਣ, ਪ੍ਰਿੰਟਰ ਲਈ ਟੋਨਰ ਅਤੇ ਲੈਬ ਨਾਲ ਸਬੰਧਤ ਹੋਰ ਦਫਤਰੀ ਖਰਚਿਆਂ ਲਈ **ਟੇਬਲ-1** ਅਨੁਸਾਰ ਰੁ: 5,000/- ਪ੍ਰਤੀ ਸਕੂਲ ਦੇ ਹਿਸਾਬ ਨਾਲ ਰਾਸ਼ੀ ਜਾਰੀ ਕੀਤੀ ਗਈ ਹੈ। **School wise bifurcation ਨਾਲ ਨੱਥੀ ਹੈ।**

ਸਟਾਕ ਰਜਿਸਟਰ ਵਿੱਚ ਉਕਤ ਗ੍ਰਾਂਟ ਨਾਲ ਖਰੀਦੇ ਗਏ ਸਾਰੇ ਸਮਾਨ ਦੇ ਰਿਕਾਰਡ ਦਾ ਇੰਦਰਾਜ ਕਰਨਾ ਯਕੀਨੀ ਬਣਾਉਣ ਅਤੇ ਕੀਤੇ ਗਏ ਖਰਚੇ ਦਾ ਪੂਰਾ ਰਿਕਾਰਡ ਮੈਨਟੇਨ ਕਰਨ ਅਤੇ ਖਰਚੇ ਨੂੰ ਪ੍ਰਬੰਧ ਪੋਰਟਲ ਤੇ update ਕਰਨ ਦੀ ਸੰਪੂਰਨ ਜ਼ਿੰਮੇਵਾਰੀ ਸਬੰਧਤ ਵੋਕੇਸ਼ਨਲ ਟ੍ਰੇਨਰ ਅਤੇ ਸਕੂਲ ਮੁੱਖੀ ਦੀ ਹੋਵੇਗੀ।

5.0 **Exposure to Vocational Education for Class 6th to 8th students ਸਬੰਧੀ ਹਦਾਇਤਾਂ :-**

- ਭਾਰਤ ਸਰਕਾਰ ਵੱਲੋਂ ਇਸ ਅਕਾਦਮਿਕ ਸੈਸ਼ਨ ਦੌਰਾਨ ਸਮੂਹ **355** PM Shri ਸਕੂਲਾਂ ਦੇ 6ਵੀਂ ਤੋਂ 8ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਪ੍ਰੀ-ਵੋਕੇਸ਼ਨਲ ਸਿੱਖਿਆ ਦੇਣ ਦੀ ਹਦਾਇਤ ਕੀਤੀ ਗਈ ਹੈ।
- ਇਸ ਗਤੀਵਿਧੀ ਅਧੀਨ ਸਮੂਹ ਸਕੂਲਾਂ ਨੂੰ ਰੁ: 15,000/- ਪ੍ਰਤੀ ਸਕੂਲ ਦੇ ਹਿਸਾਬ ਨਾਲ ਰਾਸ਼ੀ ਜਾਰੀ ਕੀਤੀ ਗਈ ਹੈ। **School wise bifurcation ਨਾਲ ਨੱਥੀ ਹੈ।**
- ਇਸ ਮੱਦ ਅਧੀਨ 6ਵੀਂ ਤੋਂ 8ਵੀਂ ਜਮਾਤ ਦੇ ਵਿਦਿਆਰਥੀਆਂ ਦੇ ਲੈਵਲ ਨੂੰ ਧਿਆਨ ਵਿੱਚ ਰੱਖਦੇ ਹੋਏ ਗਤੀਵਿਧੀਆਂ ਪਲਾਨ ਕਰਕੇ ਉਹਨਾਂ ਨੂੰ ਵੋਕੇਸ਼ਨਲ ਸਿੱਖਿਆ ਤੋਂ ਜਾਣੂ ਕਰਵਾਇਆ ਜਾਣਾ ਹੈ।

- ਇਸ ਗਤੀਵਿਧੀ ਰਾਹੀਂ ਛੋਟੀ ਉਮਰ ਵਿੱਚ ਹੀ ਪ੍ਰੀ-ਵੋਕੇਸ਼ਨਲ ਸਿੱਖਿਆ ਦੇ exposure ਨਾਲ ਵਿਦਿਆਰਥੀਆਂ ਵਿੱਚ ਆਤਮਵਿਸ਼ਵਾਸ਼ ਵਧੇਗਾ ਅਤੇ ਉਹ ਭਵਿੱਖ ਵਿੱਚ ਵੋਕੇਸ਼ਨਲ ਸਿੱਖਿਆ ਵੱਲ ਵਧੇਰੇ ਰੁਝਾਨ ਰੱਖਣ ਲਈ ਪ੍ਰੇਰਿਤ ਹੋਣਗੇ।
- ਉਕਤ ਗਤੀਵਿਧੀ ਨੂੰ ਲਾਗੂ ਕਰਨ ਲਈ NCERT ਵੱਲੋਂ ਹਰ ਇੱਕ ਜਮਾਤ (6ਵੀਂ, 7ਵੀਂ, 8ਵੀਂ) ਲਈ **ਕੌਸ਼ਲ ਬੋਧ** ਨਾਮਕ ਤਿੰਨ ਵੱਖ-ਵੱਖ module ਤਿਆਰ ਕੀਤੇ ਗਏ ਹਨ। ਉਕਤ modules ਨੂੰ link <https://drive.google.com/drive/folders/1a5YCBygdzfx_rzYUfsYg6Oj6wuNzurmC?usp=sharing> ਤੋਂ download ਕੀਤਾ ਜਾ ਸਕਦਾ ਹੈ। ਇਹਨਾਂ ਤਿੰਨ modules ਨੂੰ ਧਿਆਨ ਵਿੱਚ ਰੱਖਦੇ ਹੋਏ ਹੀ ਵੱਖ-ਵੱਖ ਟਰੇਡਾਂ ਦੀਆਂ ਹਰ ਜਮਾਤ ਲਈ ਅਲੱਗ-ਅਲੱਗ ਗਤੀਵਿਧੀਆਂ ਪਲਾਨ ਕਰਕੇ ਵਿਦਿਆਰਥੀਆਂ ਨੂੰ ਕਰਵਾਈਆਂ ਜਾਣ।

**ਉਕਤ ਗਤੀਵਿਧੀ ਕਰਵਾਉਣ ਲਈ ਮੁੱਖ ਹਦਾਇਤਾਂ ਹੇਠ ਦਰਸ਼ਾਏ ਅਨੁਸਾਰ ਹਨ:-**

i. ਪ੍ਰੀ-ਵੋਕੇਸ਼ਨਲ ਸਿੱਖਿਆ ਅਧੀਨ ਕਰਵਾਉਣ ਵਾਲੀ ਗਤੀਵਿਧੀ ਦਾ **ਉਦੇਸ਼** ਸਪੱਸ਼ਟ ਤੌਰ ਤੇ ਦੱਸਿਆ ਜਾਵੇ।
ii. ਐਕਟੀਵਿਟੀ ਕਰਵਾਉਣ ਲਈ ਇੱਕ activity plan ਤਿਆਰ ਕੀਤਾ ਜਾਵੇ, ਜਿਸ ਵਿੱਚ ਐਕਟੀਵਿਟੀ ਦਾ ਟਾਇਟਲ, ਲਰਨਿੰਗ ਆਊਟਕਮ, ਨਿਸ਼ਚਿਤ ਸਮਾਂ, ਆਦਿ ਸਪੱਸ਼ਟ ਤੌਰ ਤੇ ਦੱਸਿਆ ਜਾਵੇ। ਉਦਾਹਰਣ ਵਜੋਂ ਇਹ ਤੈਅ ਕੀਤਾ ਜਾਵੇ ਕਿ ਵਿਦਿਆਰਥੀ ਇਹ ਗਤੀਵਿਧੀ ਕਿਸ ਤਰ੍ਹਾਂ ਕਰਨਗੇ, ਗਤੀਵਿਧੀ ਨੂੰ ਮੌਜੂਦਾ ਵਿਸ਼ੇ ਦੇ ਪਾਠਕ੍ਰਮ ਜਾਂ ਸਿਲੇਬਸ ਨਾਲ ਕਿਵੇਂ ਜੋੜਨਗੇ, ਅਦਿ।
iii. ਸਕੂਲ ਪੱਧਰ ਤੇ ਇੱਕ ਰਿਸੋਰਸ ਲਿਸਟ ਤਿਆਰ ਕੀਤੀ ਜਾਵੇ। ਉਦਾਹਰਨ ਦੇ ਤੌਰ ਤੇ ਐਕਟੀਵਿਟੀ ਦੌਰਾਨ ਵਰਤੋਂ ਵਿੱਚ ਆਉਣ ਵਾਲੀ ਸਮੱਗਰੀ, ਸਾਜ਼ੋ-ਸਮਾਨ ਅਤੇ ਐਕਟੀਵਿਟੀ ਨੂੰ ਵਧੀਆ ਢੰਗ ਨਾਲ ਕਰਨ ਲਈ ਲੋੜੀਂਦੇ ਕੋਈ ਹੋਰ ਸਰੋਤ।
iv. ਐਕਟੀਵਿਟੀ ਕਰਵਾਉਣ ਸਮੇਂ ਮੁੰਡੇ ਅਤੇ ਕੁੜੀਆਂ ਨੂੰ ਬਰਾਬਰ ਦਾ ਮੌਕਾ ਦਿੱਤਾ ਜਾਵੇ।
v. ਐਕਟੀਵਿਟੀ ਕਰਨ ਉਪਰੰਤ ਇਹ ਮੁਲਾਂਕਣ ਕੀਤਾ ਜਾਵੇ ਕਿ ਗਤੀਵਿਧੀ ਕਿੰਨੀ ਕੁ ਪ੍ਰਭਾਵਸ਼ਾਲੀ ਰਹੀ?
vi. ਪ੍ਰੀ-ਵੋਕੇਸ਼ਨਲ ਐਕਟੀਵਿਟੀ ਸਬੰਧੀ ਵਿਦਿਆਰਥੀਆਂ, ਅਧਿਆਪਕਾਂ ਅਤੇ ਪੇਸ਼ੇਵਰਾਂ ਦਾ ਫੀਡਬੈਕ ਲਿਆ ਜਾਵੇ ਤਾਂ ਜੋ ਭਵਿੱਖ ਵਿੱਚ ਇਸ ਨੂੰ ਹੋਰ ਪ੍ਰਭਾਵਸ਼ਾਲੀ ਬਣਾਇਆ ਜਾ ਸਕੇ।
vii. ਗਤੀਵਿਧੀ ਦੀਆਂ ਤਸਵੀਰਾਂ ਲਈਆਂ ਜਾਣ, ਵਿਦਿਆਰਥੀਆਂ ਦੇ ਅਨੁਭਵਾਂ ਦੇ ਵਿਡੀਉ ਬਣਾਏ ਜਾਣ ਅਤੇ best practices ਨੂੰ document ਕੀਤਾ ਜਾਵੇ।

ਸਮੂਹ PM Shri ਸਕੂਲਾਂ ਵਿੱਚ ਉਕਤ ਗਤੀਵਿਧੀਆਂ ਨੂੰ ਤੁਰੰਤ ਲਾਗੂ ਕਰਵਾਉਣ ਸਬੰਧੀ ਸਮੂਹ ਜ਼ਿਲ੍ਹਾ ਸਿੱਖਿਆ ਅਫਸਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਪੱਤਰ ਵਿੱਚ ਦਰਜ ਹਦਾਇਤਾਂ ਸਬੰਧਤ ਸਕੂਲ ਮੁਖੀਆਂ ਨੂੰ ਤੁਰੰਤ ਭੇਜ ਦਿੱਤੀਆਂ ਜਾਣ। ਨਾਲ ਹੀ **ਨੱਥੀ** ਕੀਤੀ ਗਈ School wise bifurcation ਅਨੁਸਾਰ ਸਕੂਲਾਂ ਨੂੰ ਫੰਡ ਵੀ ਤੁਰੰਤ ਜਾਰੀ ਕੀਤੇ ਜਾਣ।

ਉਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਦੇ ਹੋਏ ਸੰਪੂਰਨ ਰਾਸ਼ੀ ਖਰਚ ਕੀਤੀ ਜਾਵੇ ਅਤੇ ਖਰਚ ਕੀਤੀ ਗਈ ਰਾਸ਼ੀ ਦਾ ਵਰਤੋਂ ਸਰਟੀਫਿਕੇਟ ਮਿਤੀ 30-09-2026 ਤੱਕ ਮੁੱਖ ਦਫਤਰ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ ਅਤੇ ਨਾਲ ਹੀ Prabandh Portal ਤੇ ਵੀ School wise ਖਰਚਾ ਸਕੂਲ ਮੁੱਖੀ ਵੱਲੋਂ update ਕਰਵਾਇਆ ਜਾਵੇ।

**ਸਹਾਇਕ ਡਾਇਰੈਕਟਰ (NSQF)**

**ਨੱਥੀ:-**

1. ਸਕੂਲਵਾਈਜ਼ ਗ੍ਰਾਂਟ ਦਾ ਵੇਰਵਾ ।
2. ਸਮੱਗਰਾ ਵਿੱਤ ਸ਼ਾਖਾ ਦੇ ਹਵਾਲਾ ਅਧੀਨ ਪੱਤਰ ਦੀ ਕਾਪੀ।

1084562

# ਦਫਤਰ ਸਟੇਟ ਪ੍ਰੋਜੈਕਟ ਡਾਇਰੈਕਟਰ,ਐਸ.ਐਸ.ਏ. ਪੰਜਾਬ


ਪੰਜਾਬ ਸਕੂਲ ਸਿੱਖਿਆ ਬੋਰਡ, 5ਵੀ ਮੰਜਿਲ, ਬਲਾਕ-ਈ, ਫੇਸ-8 ਅਜੀਤਗੜ੍ਹ

E-mail ID: financessa@punjabeducation.gov.in


**ਹੁਕਮ ਨੰ:E-986745/DGSE-SSA0NSQF/26/2025-SSA-DGSE I/1469357/2026**

**ਮਿਤੀ, ਐਸ.ਏ.ਐਸ ਨਗਰ:-07/08/2026**

ਪੰਜਾਬ ਵਿੱਤੀ ਨਿਯਮਾਵਲੀ ਜਿਲਦ-1 ਦੇ ਨਿਯਮ 19.6 ਦੇ ਲੜੀ ਨੰ 1 ਅਨੁਸਾਰ PM Shri ਸਕੀਮ ਅਧੀਨ PAB ਸਾਲ 2026-27 ਵਿੱਚ ਪ੍ਰਵਾਨਤ ਗਤੀਵਿਧੀ Industry Visit @ Rs 15000/- per Trade (for 2 Visits),Guest Lecture @ Rs 500/- per Class (Aug'26-Jan'27),Office Expenses @ Rs 5000/- per lab,Raw Material & Exposure 6th to 8th @ Rs. 15000/- per school (Recurring) ਦੇ ਫੰਡ ਨੂੰ ਖਰਚ ਕਰਨ ਦੀ ਵਿੱਤੀ ਪ੍ਰਵਾਨਗੀ ਜਾਰੀ ਕੀਤੀ ਜਾਂਦੀ ਹੈ। ਹੇਠ ਦਰਸਾਏ ਗਏ ਟੇਬਲ ਅਨੁਸਾਰ ਜਿਲਾ ਸਿਖਿਆ ਅਫਸਰ (ਸੈ.ਸਿ) ਦੇ DDO Id ਵਿੱਚ ਬਜਟ ਰਲੀਜ ਕੀਤਾ ਗਿਆ ਹੈ।

| Industry Visit @ Rs 15000/- per Trade (for 2 Visits),Guest Lecture @ Rs 500/- per Class (Aug'26-Jan'27),Office Expenses @ Rs 5000/- per lab,Raw Material & Exposure 6th to 8th @ Rs. 15000/- per school FY 2026-27 (Recurring) | | | |
|---|---|---|---|
| **Sr.No.** | **District Name** | **DDO Id** | **Amount (IN RS)** |
| **0** | **1** | **2** | **3** |
| **Head-2202-02-113, 01:01:36 Grant-in-Aid Non-Salary)** | | | |
| 1 | Amritsar | SNASPD0003 | 3719000 |
| 2 | Barnala | SNASPD0004 | 1678000 |
| 3 | Bathinda | SNASPD0005 | 3662000 |
| 4 | Faridkot | SNASPD0006 | 1569000 |
| 5 | Fatehgarh Sahib | SNASPD0007 | 738000 |
| 6 | Fazilka | SNASPD0022 | 2236000 |
| 7 | Ferozepur | SNASPD0008 | 2513000 |
| 8 | Gurdaspur | SNASPD0009 | 3905000 |
| 9 | Hoshiarpur | SNASPD0010 | 2678000 |
| 10 | Jalandhar | SNASPD0011 | 3068000 |
| 11 | kapurthala | SNASPD0012 | 1044000 |
| 12 | Ludhiana | SNASPD0013 | 3787000 |
| 13 | Malerkotla | SNASPD0024 | 840000 |
| 14 | Mansa | SNASPD0014 | 2213000 |

| | | | |
|---|---|---|---|
| 15 | Moga | SNASPD0015 | 1965000 |
| 16 | Sri.Muktsar Sahib | SNASPD0017 | 1937000 |
| 17 | SAS Nagar | SNASPD0016 | 2295000 |
| 18 | SBS Nagar | SNASPD0018 | 831000 |
| 19 | Pathankot | SNASPD0023 | 1867000 |
| 20 | Patiala | SNASPD0002 | 4981000 |
| 21 | Ropar | SNASPD0019 | 1111000 |
| 22 | Sangrur | SNASPD0020 | 2678000 |
| 23 | Taran taran | SNASPD0021 | 2443000 |
| **Total Amount** | | | **53758000** |

ਇਹ ਖਰਚਾ ਲੇਖਾ ਮੱਦ Head-2202-02-113-01-01-36 (Grant-in-Aid (Non Salary) Amount-5,37,58,000/- ਅਧੀਨ ਵਿੱਤੀ ਸਾਲ 2026-27 ਵਿੱਚ ਜਾਰੀ ਹੋਏ ਬਜਟ ਵਿਚੋ ਕੀਤਾ ਗਿਆ ਹੈ।

**-SD-**

**ARAVIND KUMAR M.K.**

**State Project Director SSA PB**

**ਪਿੱਠ ਅੰਕਣ ਨੰ:E-986745/DGSE-SSA0NSQF/26/2025-SSA-DGSE I/1469357/2026/1-3**
**ਮਿਤੀ, ਐਸ.ਏ.ਐਸ ਨਗਰ:-07/08/2026**

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਜਿਲਾ SNA ਖਜਾਨਾ ਦਫਤਰ, ਪੰਜਾਬ, ਸੈਕਟਰ-17, ਚੰਡੀਗੜ੍ਹ
2. ਮਹਾਂਲੇਖਾਕਾਰ, ਪੰਜਾਬ, ਸੈਕਟਰ-17, ਚੰਡੀਗੜ੍ਹ
3. ਸਮੂਹ ਜਿਲਾ ਸਿੱਖਿਆ ਅਫਸਰ (ਸੈ.ਸਿ.)

**Deputy State Project Director SSA**